ਪਾਠ-6

# ਰੰਗ-ਬਿਰੰਗੇ ਪੱਤੇ

ਕੱਲ੍ਹ ਰਾਤ ਪੌਦਿਆਂ ਦੀਆਂ ਗੱਲਾਂ ਕਰਦਿਆਂ ਅਨਮੋਲ ਦੇਰ ਨਾਲ ਸੁੱਤੀ। ਅੱਜ ਐਤਵਾਰ ਹੋਣ ਕਾਰਨ ਅਨਮੋਲ ਨੂੰ ਉਸਦੀ ਮਾਂ ਨੇ ਵੀ ਨਾ ਉਠਾਇਆ। ਜਦੋਂ ਸੂਰਜ ਦੀਆਂ ਤਿੱਖੀਆਂ ਕਿਰਨਾਂ ਉਸਦੇ ਮੂੰਹ ਉੱਤੇ ਪਈਆਂ ਤਾਂ ਉਸਦੀ ਅੱਖ ਖੁੱਲ੍ਹ ਗਈ। ਜਾਗਦਿਆਂ ਹੀ ਉਹ ਬੜੀ ਹੈਰਾਨ ਹੋ ਗਈ। ਪੂਰੇ ਘਰ ਵਿੱਚ ਤਰ੍ਹਾਂ-ਤਰ੍ਹਾਂ ਦੇ ਪੱਤੇ ਖਿਲਰੇ ਪਏ ਸਨ ਜਿਵੇਂ ਕਿ ਪੱਤਿਆਂ ਦਾ ਮੇਲਾ ਲੱਗਿਆ ਹੋਵੇ।

ਅਨਮੋਲ ਨੇ ਆਪਣੀ ਮਾਂ ਨੂੰ ਪੁੱਛਿਆ, "ਮੰਮੀ, ਇੰਨੇ ਪੱਤੇ ਕਿੱਥੋਂ ਆ ਗਏ।"

ਮਾਂ ਨੇ ਜਵਾਬ ਦਿੱਤਾ, "ਬੇਟਾ ਰਾਤ ਬੜੀ ਤੇਜ਼ ਹਨੇਰੀ ਵਗਦੀ ਰਹੀ।"

ਅਨਮੋਲ ਨੇ ਫੇਰ ਪੁੱਛਿਆ, "ਕੀ ਪੱਤੇ ਸਿਰਫ਼ ਹਨੇਰੀ ਨਾਲ਼ ਹੀ ਝੜਦੇ ਨੇ?"

"ਨਹੀਂ ਬੇਟਾ, ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਵੀ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ।" ਇਸਨੂੰ **ਪੱਤਝੜ** ਕਹਿੰਦੇ ਹਨ।




**ਪੱਤਝੜ**

ਅਨਮੋਲ ਦੇ ਪਾਪਾ ਅਤੇ ਉਸਦਾ ਵੱਡਾ ਭਰਾ ਜਸਮਨਜੋਤ ਵੀ ਆ ਗਏ। ਉਸਦੇ ਪਾਪਾ ਨੇ ਪੁੱਛਿਆ, "ਬੇਟਾ, ਕੀ ਤੁਸੀਂ ਭਿੰਨ-ਭਿੰਨ ਤਰ੍ਹਾਂ ਦੇ ਪੱਤਿਆਂ ਨੂੰ ਪਹਿਚਾਣ ਸਕਦੇ ਹੋ ?"

**ਕਿਰਿਆ-1 :** ਚਿੱਤਰ ਵਿਚਲੇ ਪੱਤਿਆਂ ਨੂੰ ਪਹਿਚਾਣੋ ਅਤੇ ਉਹਨਾਂ ਦਾ ਨਾਮ ਹੇਠਾਂ ਦਿੱਤੀ ਸੂਚੀ ਵਿੱਚੋਂ ਲੱਭ ਕੇ ਖ਼ਾਲੀ ਥਾਂ ਵਿੱਚ ਲਿਖੋ।



1 ______



2 ______



3 ______



4 ______




5 ______



6 ______



7 ______



8 ______

## ਉੱਪਰ ਦਿੱਤੇ ਪੱਤਿਆਂ ਦੇ ਨਾਂਵਾਂ ਦੀ ਸੂਚੀ

ਸਫ਼ੈਦਾ, ਕਮਲ, ਬੋਹੜ, ਪਿੱਪਲ, ਅਮਰੂਦ, ਪੁਦੀਨਾ, ਨਿੰਮ, ਕੇਲਾ।

ਅਨਮੋਲ ਦੀ ਮਾਂ ਨੇ ਝਾੜੂ ਨਾਲ਼ ਖਿਲਰੇ ਪੱਤੇ ਇਕੱਠੇ ਕਰ ਲਏ ਅਤੇ ਬੋਲੀ "ਦਿਲ ਕਰਦਾ ਏ, ਸਾਰੇ ਪੱਤਿਆਂ ਨੂੰ ਅੱਗ ਲਾ ਦੇਵਾਂ।" ਜਸਮਨ ਬੋਲਿਆ, "ਨਹੀਂ-ਨਹੀਂ ਮੰਮੀ ਪੱਤੇ ਸਾੜਨ ਨਾਲ਼ ਹਵਾ ਗੰਦੀ ਹੋ ਜਾਂਦੀ ਹੈ। ਪੱਤੇ, ਫਲ਼ਾਂ ਅਤੇ ਸਬਜ਼ੀਆਂ ਦੇ ਛਿੱਲੜ ਇੱਕ ਟੋਏ ਵਿੱਚ ਇਕੱਠੇ ਕਰਕੇ ਰੱਖਣ ਨਾਲ਼ ਹੌਲ਼ੀ-ਹੌਲ਼ੀ ਖਾਦ ਬਣ ਜਾਂਦੀ ਹੈ। ਇਹ ਖਾਦ ਪੌਦਿਆਂ ਅਤੇ ਫ਼ਸਲਾਂ ਨੂੰ ਛੇਤੀ ਵਧਣ ਵਿੱਚ ਮਦਦ ਕਰਦੀ ਹੈ।"

"ਪੁੱਤਰ, ਤੁਹਾਨੂੰ ਇਹ ਗੱਲਾਂ ਕਿਸਨੇ ਦੱਸੀਆਂ?" ਪਾਪਾ ਨੇ ਪੁੱਛਿਆ।

"ਪਾਪਾ, ਸਾਡੇ ਸਕੂਲ ਵਿੱਚ ਅਧਿਆਪਕ ਪੱਤਿਆਂ ਤੋਂ ਇਸੇ ਤਰ੍ਹਾਂ ਖਾਦ ਬਣਾਉਂਦੇ ਹਨ।"





ਪੱਤਿਆਂ ਤੋਂ ਖਾਦ ਬਣਾਉਣ ਦਾ ਤਰੀਕਾ

ਹਾਲੇ ਸਭ ਗੱਲਾਂ ਕਰ ਹੀ ਰਹੇ ਸਨ ਕਿ ਅਨਮੋਲ ਦੇ ਤਾਇਆ ਜੀ ਵੀ ਖੇਤ ਤੋਂ ਵਾਪਸ ਆ ਗਏ। ਅਨਮੋਲ ਦੇ ਤਾਇਆ ਜੀ ਨੇ ਥੈਲੇ ਵਿੱਚੋਂ ਪੁਦੀਨੇ ਦੀ ਗੁੱਟੀ ਕੱਢੀ ਅਤੇ ਅਨਮੋਲ ਨੂੰ ਕਿਹਾ ਲੈ ਪੁੱਤ ਰਸੋਈ ਵਿੱਚ ਰੱਖ ਦੇ।" ਪੁਦੀਨੇ ਵਿੱਚੋਂ ਬੜੀ ਮਹਿਕ ਆ ਰਹੀ ਸੀ। ਅਨਮੋਲ ਪੁਦੀਨੇ ਨੂੰ ਵਾਰ-ਵਾਰ ਸੁੰਘਦੇ ਹੋਏ ਰਸੋਈ ਵਿੱਚ ਰੱਖਣ ਚਲੀ ਗਈ।

ਕਿਰਿਆ-2 : ਕੁੱਝ ਖ਼ੁਸ਼ਬੂਦਾਰ ਪੱਤੇ ਜਿਵੇਂ ਤੁਲਸੀ, ਪੁਦੀਨਾ, ਤੇਜ-ਪੱਤਾ, ਕਿੱਕਰ, ਮਰੂਆ, ਧਨੀਆਂ, ਨਿੰਮ, ਨਿੰਬੂ, ਮੇਥੀ ਆਦਿ ਇਕੱਠੇ ਕਰਕੇ ਵਿਦਿਆਰਥੀਆਂ ਨੂੰ ਬੰਦ-ਅੱਖਾਂ ਨਾਲ਼ ਖ਼ੁਸ਼ਬੂ ਦੁਆਰਾ ਪੱਤਿਆਂ ਨੂੰ ਪਹਿਚਾਣਨ ਦੀ ਖੇਡ ਖਿਡਾਈ ਜਾਵੇ। ਇਹਨਾਂ ਪੱਤਿਆਂ ਦੀ ਵਰਤੋਂ ਬਾਰੇ ਵੀ ਦੱਸਿਆ ਜਾਵੇ।

ਕਿਰਿਆ-3 : ਹੇਠਾਂ ਦਿੱਤੀ ਪਹੇਲੀ ਵਿੱਚ ਖਾਣ ਪੀਣ ਵਾਲੀਆਂ ਅਜਿਹੀਆਂ ਵਸਤੂਆਂ ਦੇ ਨਾਂ ਛੁਪੇ ਹੋਏ ਹਨ ਜਿਨ੍ਹਾਂ ਵਿੱਚ ਖ਼ੁਸ਼ਬੂਦਾਰ ਪੱਤੇ ਵਰਤੇ ਜਾਂਦੇ ਹਨ। ਚਾਰ ਵਸਤੂਆਂ ਦੇ ਨਾਮ ਲੱਭੋ ਅਤੇ ਲਿਖੋ।






## ਯਾਦ ਰੱਖਣ ਯੋਗ ਗੱਲਾਂ

- ਝੜੇ ਪੱਤਿਆਂ ਤੋਂ ਖਾਦ ਬਣਾਈ ਜਾ ਸਕਦੀ ਹੈ।
- ਖ਼ੁਸ਼ਬੂਦਾਰ ਪੱਤਿਆਂ ਦੀ ਵਰਤੋਂ ਸਬਜ਼ੀ, ਦਾਲ, ਦਹੀਂ, ਜੂਸ, ਚਟਣੀ ਆਦਿ ਵਿੱਚ ਕੀਤੀ ਜਾਂਦੀ ਹੈ ਜਿਵੇਂ ਧਨੀਆਂ, ਪੁਦੀਨਾ ਆਦਿ।
- ਸਾਰੇ ਪੱਤਿਆਂ ਦਾ ਰੰਗ ਹਰਾ ਨਹੀਂ ਹੁੰਦਾ।
- ਪੱਤੇ ਜਲਾਉਣ ਨਾਲ਼ ਹਵਾ ਗੰਦੀ (ਪ੍ਰਦੂਸ਼ਿਤ) ਹੋ ਜਾਂਦੀ ਹੈ।



ਪ੍ਰਸ਼ਨ 1. ਕੋਈ ਤਿੰਨ ਪੌਦਿਆਂ ਦੇ ਨਾਂ ਲਿਖੋ ਜਿਨ੍ਹਾਂ ਦੇ ਪੱਤੇ ਤੁਸੀਂ ਪਹਿਚਾਣਦੇ ਹੋ।

..........................................................................................

..........................................................................................

ਪ੍ਰਸ਼ਨ 2. ਤੁਸੀਂ ਕਿਹੜੇ-ਕਿਹੜੇ ਰੰਗ ਦੇ ਪੱਤੇ ਦੇਖੇ ਹਨ ?

..........................................................................................

..........................................................................................

3. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ-**

(ੳ) ਦਰੱਖ਼ਤਾਂ ਤੋਂ ਪੱਤੇ ਤੋੜ ਕੇ ਖਾਦ ਤਿਆਰ ਕਰਨੀ ਚਾਹੀਦੀ ਹੈ। ☐

(ਅ) ਘਰਾਂ ਵਿੱਚ ਇਕੱਠੇ ਕੀਤੇ ਪੱਤਿਆਂ ਨੂੰ ਅੱਗ ਲਗਾ ਦੇਣੀ ਚਾਹੀਦੀ ਹੈ। ☐

(ੲ) ਪੱਤੇ, ਸਬਜ਼ੀਆਂ ਅਤੇ ਫਲ਼ਾਂ ਦੇ ਛਿੱਲੜਾਂ ਤੋਂ ਖਾਦ ਤਿਆਰ ਕਰਨੀ ਚਾਹੀਦੀ ਹੈ। ☐

(ਸ) ਸਾਰੇ ਪੱਤਿਆਂ ਦਾ ਰੰਗ ਹਰਾ ਹੁੰਦਾ ਹੈ। ☐

(ਹ) ਸਾਰੇ ਪੱਤਿਆਂ ਦੀ ਸ਼ਕਲ ਇੱਕੋ ਜਿਹੀ ਨਹੀਂ ਹੁੰਦੀ ਹੈ। ☐

4. **ਖ਼ਾਲੀ ਥਾਂਵਾਂ ਭਰੋ-**

(ਨਿੰਮ, ਗੰਦੀ, ਮਹਿੰਦੀ)

(ੳ) ਪੱਤੇ ਸਾੜਨ ਨਾਲ਼ ਹਵਾ .................... ਹੋ ਜਾਂਦੀ ਹੈ।

(ਅ) ਖ਼ੁਸ਼ੀ ਦੇ ਮੌਕੇ ਹੱਥਾਂ 'ਤੇ .................... ਲਗਾਈ ਜਾਂਦੀ ਹੈ।

(ੲ) .................... ਦੇ ਪੱਤੇ ਸੁਆਦ ਵਿੱਚ ਕੌੜੇ ਹੁੰਦੇ ਹਨ।

5. **ਸਹੀ ਉੱਤਰ ਅੱਗੇ ਨਿਸ਼ਾਨ (✓) ਲਗਾਉ।**

(ੳ) ਪੌਦਿਆਂ ਦੇ ਪੱਤੇ ਕਿਸ ਰੁੱਤ ਵਿੱਚ ਝੜ ਜਾਂਦੇ ਹਨ।

ਬਹਾਰ ਰੁੱਤ ☐ ਵਰਖਾ ਰੁੱਤ ☐ ਪੱਤਝੜ ਰੁੱਤ ☐

(ਅ) ਕਿਸ ਦਰੱਖ਼ਤ ਦਾ ਪੱਤਾ ਵੱਡਾ ਹੈ।

ਟਾਹਲੀ ☐ ਬੋਹੜ ☐ ਨਿੰਮ ☐


(ੲ) ਕਿਹੜਾ ਪੱਤਾ ਚਟਣੀ ਬਣਾਉਣ ਲਈ ਵਰਤਿਆ ਜਾਂਦਾ ਹੈ।

ਕੇਲਾ ☐ ਪੁਦੀਨਾ ☐ ਅਮਰੂਦ ☐

(ਸ) ................ ਤੋਂ ਖਾਦ ਬਣਾਈ ਜਾ ਸਕਦੀ ਹੈ।

ਪੱਤਿਆਂ ☐ ਇੱਟਾਂ ☐ ਪਾਲੀਥੀਨ ☐

## 6. ਦਿਮਾਗੀ ਪਰਖ




*****